ਆਪਣੀ ਸਿਹਤ ਦੀ ਸੁਰੱਖਿਆ ਕਰੋ

ਆਪਣੀ ਜ਼ਮੀਰ ਦੀ ਆਵਾਜ਼ ਸੁਣੋ

ਕਾਨੂੰਨ ਭੰਗ ਨਾ ਕਰੋ

ਹੋਰ ਵੱਧ ਜਾਣਕਾਰੀ ਲਈ


ਡਿਕਲੇਅਰੇਸ਼ਨ ਆਫ਼ ਇਸਤੰਬੁੱਲ ਕਸਟੇਡੀਅਨ ਗਰੁੱਪ
(DECLARATION OF ISTANBUL CUSTODIAN GROUP)
www.declarationofistanbul.org


ਕੀ ਗੁਰਦਾ ਖ਼ਰੀਦਣ ਬਾਰੇ ਸੋਚ ਰਹੇ ਹੋ?




ਤੁਹਾਨੂੰ ਕੀ ਜਾਣਨ ਦੀ ਜ਼ਰੂਰਤ ਹੈ...

Dev. 7ਦਸੰਬਰ2005

## ਭੂਮਿਕਾ

ਗੁਰਦੇ ਦੀ ਬੀਮਾਰੀ ਦੀ ਆਖਰੀ ਸਟੇਜ ਵਾਲੇ ਬਹੁਤੇ ਮਰੀਜ਼ਾਂ ਲਈ ਟਰਾਂਸਪਲਾਂਟੇਸ਼ਨ (ਕਿਸੇ ਦੇ ਅੰਗ ਨੂੰ ਦੂਜੇ ਸਰੀਰ ਵਿਚ ਲਾਣਾ) ਇਕ ਉਹ ਇਲਾਜ ਹੈ, ਜੋ ਉਨ੍ਹਾਂ ਦੀ ਮਰਜ਼ੀ ਤੇ ਨਿਰਭਰ ਕਰਦਾ ਹੈ। ਟਰਾਂਸਪਲਾਂਟੇਸ਼ਨ ਇਕ ਉਹ ਸੂਖਮ ਅਤੇ ਬਾਰੀਕਬੀਨੀ ਵਾਲਾ ਆਪਰੇਸ਼ਨ ਹੈ, ਜਿਸਨੂੰ ਕਰਨ ਲਈ ਇਕ ਉੱਚ-ਪੱਧਰ ਦੇ ਆਧੁਨਿਕ ਹਸਪਤਾਲ ਦੇ ਚੌਗਿਰਦੇ ਵਿਚ ਅਨੁਭਵੀ ਸਰਜਨਾਂ ਅਤੇ ਨੈਫਰਾਲੌਜਿਸਟਾਂ (ਗੁਰਦਾ ਚਿਕਿਤਸਕ) ਦੀ ਜ਼ਰੂਰਤ ਹੁੰਦੀ ਹੈ। ਸਰੀਰ ਵਿਚ ਟਰਾਂਸਪਲਾਂਟ ਕਰਨ ਲਈ ਗੁਰਦੇ, ਕਿਸੇ **ਮਰ ਚੁਕੇ ਡੋਨਰ (ਗੁਰਦਾ ਦੇਣ ਵਾਲਾ)ਜਾਂ ਜੀਉਂਦੇ ਡੋਨਰ ਦੇ ਵੀ ਹੋ ਸਕਦੇ ਹਨ ।**

ਕਿਸੇ ਮ੍ਰਿਤਕ ਡੋਨਰ ਦਾ ਗੁਰਦਾ ਉਪਲਬਧ ਹੋਣਾ ਤੇ ਇਸਦਾ ਤੁਹਾਨੂੰ ਦਿੱਤੇ ਜਾਣਾ, ਉਸ ਦੇਸ਼ ਜਿਥੇ ਤੁਸੀਂ ਰਹਿੰਦੇ ਹੋ, ਦੇ ਵਿਸ਼ੇਸ਼ ਰਿਵਾਜਾਂ ਅਤੇ ਦਸਤੂਰ ਤੇ ਨਿਰਭਰ ਕਰੇਗਾ ਅਤੇ ਇਥੇ ਉਸ ਬਾਰੇ ਹੋਰ ਚਰਚਾ ਨਹੀਂ ਕੀਤੀ ਜਾ ਰਹੀ।

ਗੁਰਦਾ ਦੇਣ ਵਾਲਾ ਜੀਉਂਦਾ ਵਿਅਕਤੀ ਆਮ ਤੌਰ ' ਤੇ ਇਕ ਸਕਾ ਸਬੰਧੀ ਹੁੰਦਾ ਹੈ, ਜਿਸ ਨਾਲ ਖ਼ੂਨ ਦਾ ਰਿਸ਼ਤਾ ਹੁੰਦਾ ਹੈ। ਕੁਝ ਦੇਸ਼ਾਂ ਵਿਚ, ਗੁਰਦੇ ਦੇ ਦਾਨ ਲਈ ਇਕ ਕਾਨੂੰਨੀ ਜਾਂ ਭਾਵਨਾਤਮਕ ਸਬੰਧ (ਜਿਵੇਂ ਕਿ ਪਤੀ/ਪਤਨੀ, ਪਾਰਟਨਰ, ਜਾਂ ਦੋਸਤ) ਨੂੰ ਵੀ ਸਵੀਕਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਚੋਂ ਹਰ ਕੇਸ ਲਈ ਗੁਰਦੇ ਦਾ ਦਾਨ ਆਪਣੀ ਮਰਜ਼ੀ ਨਾਲ, ਪਿਆਰ, ਵਿਸ਼ਵਾਸ਼ ਅਤੇ ਇਕ ਦੂਜੇ ਬਾਰੇ ਚਿੰਤਾ ਦੀਆਂ ਭਾਵਨਾਵਾਂ ਨੂੰ ਜ਼ਾਹਿਰ ਕਰਨ ਲਈ ਕੀਤਾ ਜਾਂਦਾ ਹੈ। ਗੁਰਦਾ ਦੇਣ ਵਾਲਾ ਅਤੇ ਉਸਨੂੰ ਲੈਣ ਵਾਲਾ ਦੋਵੇਂ ਹੀ ਇਸ ਦਾ ਫਿਕਰ ਕਰਦੇ ਹਨ , ਕਿ ਉਨ੍ਹਾਂ ਦੋਹਾਂ ਤੇ ਕੀਤਾ ਜਾ ਰਿਹਾ ਡਾਕਟਰੀ ਅਮਲ ਸਫਲ ਹੋਵੇ। ਟਰਾਂਸਪਲਾਂਟ ਖੁੱਲ੍ਹੇ ਅਤੇ ਕਾਨੂੰਨੀ ਤੌਰ ਤੇ ਕੀਤੇ ਜਾਂਦੇ ਹਨ , ਅਤੇ ਨਤੀਜਾ ਅਕਸਰ ਗੁਰਦਾ ਲੈਣ ਵਾਲੇ ਅਤੇ ਦੇਣ ਵਾਲੇ ਦੋਹਾਂ ਲਈ ਡਾਕਟਰੀ, ਮਨੋਵਿਗਿਆਨਕ ਅਤੇ ਸਮਾਜਕ ਨਜ਼ਰੀਏ ਤੋਂ ਬਹੁਤ ਵਧੀਆ ਹੁੰਦਾ ਹੈ।

ਪਰ ਜੀਵਤ ਗੁਰਦਾ ਦਾਤਾਵਾਂ ਦਾ ਇਕ ਹੋਰ ਸਰੋਤ ਵੀ ਹੈ। ਕਈ ਲੋਕ ਜਿਨ੍ਹਾਂ ਨੂੰ ਧਨ ਦੀ ਸਖ਼ਤ ਜ਼ਰੂਰਤ ਹੁੰਦੀ ਹੈ, ਆਪਣਾ ਇਕ ਗੁਰਦਾ ਵੇਚਣ ਲਈ ਰਾਜ਼ੀ ਹੋ ਸਕਦੇ ਹਨ । ਗੁਰਦੇ ਖ਼ਰੀਦਣ ਅਤੇ ਵੇਚਣ ਨੂੰ " ਟਰਾਂਸਪਲਾਂਟ ਕਮਰਸ਼ਿਅਲਿਜ਼ਮ" (" ਗੁਰਦੇ ਨੂੰ ਕਿਸੇ ਹੋਰ ਦੇ ਸਰੀਰ ਵਿਚ ਲਾਣ ਦਾ ਵਪਾਰ" ), ਅਤੇ ਇਹ ਲਗਭਗ ਦੁਨੀਆ ਦੇ ਸਭ ਦੇਸ਼ਾਂ ਵਿਚ ਗੈਰ-ਕਾਨੂੰਨੀ ਹੈ। ਜਿਨ੍ਹਾਂ ਕੈਦੀਆਂ ਨੂੰ ਫਾਂਸੀ ਲਗਦੀ ਹੈ, ਉਨ੍ਹਾਂ ਦੇ ਗੁਰਦੇ ਵੀ ਕਦੀ ਕਦੀ ਵੇਚੇ ਜਾਂਦੇ ਹਨ ।

ਇਸ ਕਿਤਾਬਚੀ ਵਿਚ ਕੁਝ ਉਨ੍ਹਾਂ ਲੁਕਵੀਆਂ ਉਲਝਣਾਂ ਬਾਰੇ ਵਿਚਾਰ ਕੀਤਾ ਗਿਆ ਹੈ, ਜੋ ਗੁਰਦਾ ਖ਼ਰੀਦਣ ਸਮੇਂ ਤੁਹਾਡੇ ਸਾਮ੍ਹਣੇ ਆ ਸਕਦੀਆਂ ਹਨ ਅਤੇ ਇਸਦਾ ਉਦੇਸ਼ ਭਾਵੇਂ ਤੁਹਾਨੂੰ ਕਿੰਨੀ ਸਖ਼ਤ ਜ਼ਰੂਰਤ ਹੋਵੇ, ਇਹ ਕਦਮ ਚੁੱਕਣ ਤੋਂ ਰੋਕਣਾ ਹੈ।

## ਟਰਾਂਸਪਲਾਂਟ ਕਮਰਸ਼ਿਅਲਿਜ਼ਮ (ਵਪਾਰਕ) ਅਤੇ ਟੂਰਿਜ਼ਮ (ਸੈਰਸਪਾਟਾ) ਦਾ ਠੀਕ ਠੀਕ ਕੀ ਮਤਲਬ ਹੈ?

ਟਰਾਂਸਪਲਾਂਟ ਕਮਰਸ਼ਿਅਲਿਜ਼ਮ ਵਿਚ ਸਿੱਧੇ ਤੌਰ ’ ਤੇ ਕਿਸੇ ਵਿਚੋਲੇ ਜਾਂ ਬਹੁਤੀ ਵਾਰ ਕਿਸੇ ਦਲਾਲ ਰਾਹੀਂ ਜੋ ਆਪਣੀਆਂ “ ਸੇਵਾਵਾਂ” ਲਈ ਫੀਸ ਲੈਂਦਾ ਹੈ, ਗੁਰਦਾ ਦੇਣ ਵਾਲੇ ਅਤੇ ਲੈਣ ਵਾਲੇ ਵਿਚਕਾਰ ਧਨ ਦਾ ਜਾਂ ਕਿਸੇ ਹੋਰ ਰੂਪ ਵਿਚ ਕਿਸੇ ਅਹਿਮ ਪਦਾਰਥਕ ਲਾਭ ਦਾ ਲੈਣ ਦੇਣ ਹੁੰਦਾ ਹੈ। ਡੋਨਰ (ਅਸਲ ਵਿਚ “ ਵੈਂਡਰ” ) ਨੂੰ ਵੀ ਧਨ ਦੀ ਰਕਮ ਮਿਲਦੀ ਹੈ, ਜੋ ਅਕਸਰ ਦਲਾਲ ਨੂੰ ਮਿਲੀ ਰਕਮ ਤੋਂ ਘੱਟ ਹੁੰਦੀ ਹੈ। ਨਤੀਜੇ ਵਜੋਂ, ਲੈਣ ਵਾਲੇ ਵੱਲੋਂ ਖ਼ਰਚ ਕੀਤੀ ਰਕਮ , ਕਾਨੂੰਨੀ ਤੌਰ ’ ਤੇ ਟਰਾਂਸਪਲਾਂਟ ਕੀਤੇ ਗਏ ਗੁਰਦੇ ਲਈ ਅਦਾ ਕੀਤੀ ਰਕਮ ਤੋਂ ਬਹੁਤ ਜ਼ਿਆਦਾ ਹੁੰਦੀ ਹੈ। ਤੁਹਾਡੀ ਮੈਡੀਕਲ ਇਨਸ਼ਿਉਰੈਂਸ (ਬੀਮਾ) ਅਕਸਰ ਕਮਰਸ਼ਿਅਲ ਟਰਾਂਸਪਲਾਂਟਾਂ ਦੀ ਸੁਰੱਖਿਆ ਉਪਲਬਧ ਨਹੀਂ ਕਰਦਾ।

ਗੁਰਦੇ ਦੀ ਟਰਾਂਸਪਲਾਂਟੇਸ਼ਨ ਲਈ ਆਪਣੇ ਦੇਸ਼ ਤੋਂ ਕਿਸੇ ਹੋਰ ਦੇਸ਼ ਜਾਣ ਨੂੰ **“ ਟਰਾਂਸਪਲਾਂਟ ਟੂਰਿਜ਼ਮ”** ਕਿਹਾ **ਜਾਂਦਾ ਹੈ।** ਟਰਾਂਸਪਲਾਂਟ ਕਰਨ ਵਾਲੇ ਬਹੁਤੇ ਪੇਸ਼ਾਵਰ ਡਾਕਟਰ ਇਸ ਅਮਲ ਦੀ ਨਿਖੇਪੀ ਕਰਦੇ ਹਨ ਅਤੇ ਇਸ ਗੱਲ ਦੀ ਵੀ ਚਿੰਤਾ ਕਰਦੇ ਹਨ ਕਿ ਦੇਖਭਾਲ ਦੀ ਜੋ ਪੱਧਰ ਤੁਹਾਨੂੰ ਉਪਲਬਧ ਹੋਵੇਗੀ ਉਹ ਆਪਣੇ ਦੇਸ਼ ਵਿਚ ਮਿਲਣ ਵਾਲੀ ਦੇਖਭਾਲ ਦੀ ਪੱਧਰ ਤੋਂ ਘਟੀਆਂ ਹੋਵੇਗੀ।

**ਗੁਰਦੇ ਦਾ ਵਪਾਰਕ ਟਰਾਂਸਪਲਾਂਟ ਗੈਰ-ਕਾਨੂੰਨੀ ਕਿਉਂ ਹੈ?**

ਬਹੁਤੇ ਦੇਸ਼ਾਂ ਵਿਚ ਅਜਿਹੇ ਕਾਨੂੰਨ ਹਨ , ਜਿਨ੍ਹਾਂ ਤਹਿਤ ਗੁਰਦੇ ਦੀ ਵਪਾਰਕ ਟਰਾਂਸਪਲਾਂਟ ਤੇ ਪਾਬੰਦੀ ਹੈ। ਅਤੇ ਜਿਸ ਦੇਸ਼ ਵਿਚ ਤੁਸੀਂ ਰਹਿੰਦੇ ਹੋ, ਉਸ ਵਿਚ ਵੀ ਇਸ ਅਮਲ ਦੇ ਗੈਰ-ਕਾਨੂੰਨੀ ਮੰਨੇ ਜਾਣ ਦੀ ਸੰਭਾਵਨਾ ਹੈ।

ਵਪਾਰਕ ਟਰਾਂਸਪਲਾਂਟ ਦੇ ਨਤੀਜੇ ਵਜੋਂ ਲਾਭ ਨਾਲੋਂ ਨੁਕਸਾਨ ਜ਼ਿਆਦਾ ਹੁੰਦਾ ਹੈ। ਇਸ ਨਾਲ ਡੋਨਰ ਅਤੇ ਗੁਰਦਾ ਲੈਣ ਵਾਲੇ ਦੋਹਾਂ ਨੂੰ ਬੇਲੋੜੇ ਖ਼ਤਰਿਆਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਅਤੇ ਦਾਨ ਲੈਣ ਵਾਲੇ ਦੇ ਆਪਣੇ ਦੇਸ਼ ਅਤੇ ਜਿਸ ਦੇਸ਼ ਵਿਚ ਉਹ ਗੁਰਦਾ ਖ਼ਰੀਦਣ ਲਈ ਸਫ਼ਰ ਕਰਦੇ ਹਨ , ਦੋਹਾਂ ਦੇਸ਼ਾਂ ਵਿਚ ਸਰੀਰ ਦੇ ਅੰਗਾਂ ਦੇ ਦਾਨ ਦੇ ਸਿਹਤਮੰਦ ਵਿਕਾਸ ਨੂੰ ਅੰਦਰੋਂ ਅੰਦਰ ਡੂੰਘਾ ਨੁਕਸਾਨ ਪਹੁੰਚਦਾ ਹੈ।

**ਜਿਸ ਡੋਨਰ ਨੂੰ ਰਕਮ ਦਿੱਤੀ ਗਈ ਹੈ ਉਸ ਨੂੰ ਕੀ ਖ਼ਤਰੇ ਹਨ ? ਕੀ ਉਹ ਉਸ ਡੋਨਰ ਜਿਸ ਨੂੰ ਕੋਈ ਧਨ ਨਹੀਂ ਦਿੱਤਾ ਗਿਆ ਦੇ ਖ਼ਤਰਿਆਂ ਨਾਲੋਂ ਵਧ ਹਨ ?**

ਗੁਰਦਾ ਵੇਚਣ ਲਈ ਰਾਜ਼ੀ ਹੋਣ ਵਾਲੇ ਲੋਕ ਅਕਸਰ ਗਰੀਬ ਅਤੇ ਨਿਰਾਸ਼ ਹੁੰਦੇ ਹਨ । ਵੱਡੀ ਗਿਣਤੀ ਵਿਚ ਕੀਤੇ ਗਏ ਅਧਿਐਨਾਂ ਤੋਂ ਇਹ ਸਾਮ੍ਹਣੇ ਆਇਆ ਹੈ, ਕਿ ਵਪਾਰਕ ਤੌਰ ’ ਤੇ ਗੁਰਦਾ ਦਾਨ ਕਰਨ ਵਾਲੇ ਬਹੁਤੇ ਲੋਕ ਕਮਜ਼ੋਰ ਅਤੇ ਦਬੇ ਕੁਚਲੇ ਲੋਕਾਂ ਦੀ ਸ਼੍ਰੇਣੀ ਤੋਂ ਹੁੰਦੇ ਹਨ । ਉਹ ਅਕਸਰ ਘੱਟ ਵਿਕਸਤ ਦੇਸ਼ਾਂ ਦੇ ਨਿਵਾਸੀ ਹੁੰਦੇ ਹਨ , ਜੇ ਵੱਧ ਵਿਕਸਿਤ ਦੇਸ਼ਾਂ ਦੇ ਅਮੀਰਾਂ ਜਾਂ ਗੁਰਦਾ ਲੈਣ ਵਾਲੇ ਦੇ ਮੁਕਾਬਲਤਨ ਵੱਧ ਅਮੀਰਾਂ ਨੂੰ ਗੁਰਦਾ ਦਾਨ ਕਰਦੇ ਹਨ । ਉਹ ਆਪਣੇ ਧਨ ਦੀ ਕਮੀ ਨੂੰ ਦੂਰ ਕਰਨ ਅਤੇ ਆਪਣੇ ਜੀਵਨ ਦੀ ਪੱਧਰ ਬਿਹਤਰ ਕਰਨ ਦੀ ਉਮੀਦ ਵਿਚ ਗੁਰਦਾ ਵੇਚਦੇ ਹਨ । ਪਰ , ਅਕਸਰ ਉਹ ਨਿਰਾਸ਼ ਹੀ ਹੁੰਦੇ ਹਨ ।

ਵਪਾਰਕ ਤੌਰ ’ ਤੇ ਗੁਰਦਾ ਦੇਣ ਵਾਲਿਆਂ ਨੂੰ ਅਕਸਰ ਸਿਰਫ ਘਾਟਾ ਹੀ ਨਹੀਂ ਹੁੰਦਾ ਸਗੋਂ ਉਨ੍ਹਾਂ ਦਾ ਸ਼ੋਸ਼ਣ ਵੀ ਕੀਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਟਰਾਂਸਪਲਾਂਟੇਸ਼ਨ ਦੇ ਅਮਲ ਬਾਰੇ ਸਮਝ ਨਹੀਂ ਹੁੰਦੀ ਜਾਂ ਉਨ੍ਹਾਂ ਨੂੰ ਇਸ ਵਿਚ ਸ਼ਾਮਲ ਖ਼ਤਰਿਆਂ ਦੀ ਪੂਰੀ ਜਾਣਕਾਰੀ ਨਹੀਂ ਹੁੰਦਾ। ਇਸ ਤੋਂ ਇਲਾਵਾ ਹੋ ਸਕਦਾ ਹੈ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਹੋਵੇ ਅਤੇ ਉਹ ਸਿਹਤ ਬਾਰੇ ਕਿਸੇ ਅਹਿਮ ਜਾਣਕਾਰੀ ਨੂੰ ਛੁਪਾ ਲੈਣ। ਉਹ ਆਪਣੀ ਸੁਰੱਖਿਆ ਨੂੰ ਵੱਧ ਤਰਜੀਹ ਨਾ ਦੇਂਦੇ ਹੋਣ, ਅਤੇ ਉਨ੍ਹਾਂ ਨੇ ਉਸ ਸਮੇਂ ਗੁਰਦਾ ਦੇਣ ਦੀ ਚੋਣ ਕੀਤੀ ਹੋਵੇ, ਜਦੋਂ ਉਨ੍ਹਾਂ ਲਈ ਇਹ ਕੰਮ ਕਰਨਾ ਇਕ ਮੂਰਖਤਾ ਸੀ। ਗੁਰਦਾ ਲੈਣ ਵਾਲੇ ਨੂੰ ਵੀ ਮਾੜੇ ਨਤੀਜੇ ਭੁਗਤਣੇ ਪੈਣਗੇ, ਇਸ ਬਾਰੇ ਵੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਸੀ।

ਧਨ ਲੈਕੇ ਗੁਰਦਾ ਦੇਣ ਵਾਲਿਆਂ ਨੂੰ ਜੋ ਰਕਮ ਮਿਲਦੀ ਹੈ, ਅਕਸਰ ਉਹ ਉਸ ਰਕਮ ਦੀ ਬਹੁਤ ਥੋੜ੍ਹੀ ਪ੍ਰਤੀਸ਼ਤ ਹੁੰਦੀ ਹੈ, ਜੋ ਗੁਰਦਾ ਲੈਣ ਵਾਲਾ ਅਦਾ ਕਰਦਾ ਹੈ, ਅਤੇ ਇਸ ਨਾਲ ਡੋਨਰ ਦੀਆਂ ਮਾਲੀ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ। ਗੁਰਦਾ ਲੈਣ ਵਾਲਿਆਂ ਦਾ ਬਹੁਤਾ ਪੈਸਾ ਹਸਪਤਾਲਾਂ, ਦਲਾਲਾਂ ਅਤੇ ਹੋਰ ਵਿਚੋਲਿਆਂ ਨੂੰ ਚਲਾ ਜਾਂਦਾ ਹੈ। ਡੋਨਰ ਦੀ ਆਮਦਨ ਤਾਂ ਹੋਰ ਵੀ ਘੱਟ ਹੋ ਜਾਏਗੀ, ਕਿਉਂਕਿ ਉਹ ਪਹਿਲਾਂ ਵਾਂਗ ਮਿਹਨਤ ਕਰਨ ਦੇ ਯੋਗ ਨਹੀਂ ਰਹਿ ਜਾਂਦੇ। ਧਨ ਲੈਕੇ ਗੁਰਦਾ ਦੇਣ ਵਾਲੇ ਡੋਨਰ ਨਿਰਾਸ਼ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਸ਼ਾਦੀਸ਼ੁਦਾ ਜ਼ਿੰਦਗੀ ਦੀਆਂ ਅਤੇ ਸਮਾਜਕ ਸਮੱਸਿਆਵਾਂ ਵੀ ਹੋ ਸਕਦੀਆਂ ਹਨ । ਹੋ ਸਕਦਾ ਹੈ ਕਿ ਸਿਹਤ ਦੀ ਚੰਗੀ ਦੇਖਭਾਲ ਤਕ ਉਨ੍ਹਾਂ ਦੀ ਪਹੁੰਚ ਨਾ ਹੋਵੇ। ਬਹੁਤੇ ਡੋਨਰ ਕਿਸੇ ਹੋਰ ਨੂੰ ਗੁਰਦਾ ਵੇਚਣ ਦੀ ਸਿਫ਼ਾਰਸ਼ ਨਹੀਂ ਕਰਨਗੇ।

ਕਾਨੂੰਨੀ ਤੌਰ ’ ਤੇ ਦਾਨ ਕੀਤੇ ਗਏ ਗੁਰਦੇ ਦੀ ਲੰਮੇ ਸਮੇਂ ਦੀ ਸੁਰੱਖਿਆ ਦੀ ਪੁਸ਼ਟੀ, ਵਿਆਪਕ ਸ ਬੂਤਾਂ ਨੇ ਕਾਇਮ ਕੀਤੀ ਹੈ, ਪਰ ਧਨ ਦੇਕੇ ਲਏ ਗਏ ਗੁਰਦੇ ਦੀ ਲੰਮੇ ਸਮੇਂ ਲਈ ਮੈਡੀਕਲ ਸਥਿਤੀ ਬਾਰੇ ਕੋਈ ਅੰਕੜੇ ਮੌਜੂਦ ਨਹੀਂ ਹਨ । ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੂੰ ਬਿਨਾਂ ਧਨ ਦੇ ਲਏ ਗਏ ਗੁਰਦੇ ਦੇ ਸਾਰੇ ਖ਼ਤਰੇ ਹਨ ਅਤੇ ਇਸਤੋਂ ਇਲਾਵਾ ਉਹ ਵਾਧੂ ਖ਼ਤਰੇ ਵੀ ਹਨ , ਜੋ ਉਨ੍ਹਾਂ ਦੀ ਗਰੀਬੀ ਅਤੇ ਕਮਜ਼ੋਰੀ ਤੋਂ ਪੈਦਾ ਹੁੰਦੇ ਹਨ ।

**ਇਕ ਧਨ ਲੈਕੇ ਗੁਰਦਾ ਦੇਣ ਵਾਲੇ ਡੋਨਰ ਦੇ ਗੁਰਦੇ ਨਾਲ ਗੁਰਦਾ ਲੈਣ ਵਾਲੇ ਨੂੰ ਹੋਰ ਵਾਧੂ ਖ਼ਤਰੇ ਕਿਹੜੇ ਹਨ ?**

ਕਿਉਂਕਿ ਇਹ ਅਕਸਰ ਗੈਰ-ਕਾਨੂੰਨੀ ਅਮਲ ਹੈ, ਇਸ ਲਈ ਧਨ ਅਦਾ ਕਰਕੇ ਲਏ ਗਏ ਗੁਰਦੇ ਦਾ ਟਰਾਂਸਪਲਾਂਟ ਆਮ ਤੌਰ ’ ਤੇ ਉਨ੍ਹਾਂ ਹਸਪਤਾਲਾਂ ਜਾਂ ਕਲੀਨਿਕਾਂ ਵਿਚ ਕੀਤਾ ਜਾਂਦਾ ਹੈ ਜਿਨ੍ਹਾਂ ਕੋਲ ਟਰਾਂਸਪਲਾਂਟ ਕਰਨ ਦਾ ਲਾਇਸੈਂਸ ਨਹੀਂ ਹੁੰਦਾ ਅਤੇ ਉਨ੍ਹਾਂ ਨੂੰ ਸਰਕਾਰੀ ਮੈਡੀਕਲ ਬੋਰਡਾਂ ਵੱਲੋਂ ਮਾਨਤਾ ਨਹੀਂ ਮਿਲੀ ਹੁੰਦੀ। ਹੋ ਸਕਦਾ ਹੈ ਕਿ ਉਨ੍ਹਾਂ ਹਸਪਤਾਲਾਂ ਵਿਚ ਮੈਡੀਕਲ ਆਪਰੇਸ਼ਨਾਂ ਦੇ ਅਤੇ ਮੈਡੀਕਲ ਸਟੈਂਡਰਡਾਂ (ਮਾਪਦੰਡ) ਦੀ ਪੱਧਰ ਉਹ ਨਾ ਹੋਵੇ, ਜੋ ਉਸ ਦੇਸ਼ ਜਿਥੇ ਇਹ ਸਥਿਤ ਹਨ , ਦੇ ਹਨ । ਨਤੀਜੇ ਵਜੋਂ, ਆਪਰੇਸ਼ਨ ਅਤੇ ਆਪਰੇਸ਼ਨ ਦੇ ਬਾਅਦ ਕਈ ਤਰ੍ਹਾਂ ਦੀਆਂ ਗੁੰਝਲਾਂ ਪੈਦਾ ਹੋਣ ਦਾ ਵੱਧ ਖ਼ਤਰਾ ਹੁੰਦਾ ਹੈ।

ਕਮਰਸ਼ਿਅਲ ਟਰਾਂਸਪਲਾਂਟ ਦੇ ਬਾਅਦ ਗੰਭੀਰ ਅਤੇ ਕਈ ਵਾਰ ਜਾਨਲੇਵਾ ਇਨਫੈਕਸ਼ਨਾਂ ਦਾ ਖ਼ਤਰਾ ਵੱਧ ਹੁੰਦਾ ਹੈ। ਇਹ ਵੀ ਹੋ ਸਕਦਾ ਹੈ ਕਿ ਡੋਨਰ ਦੀ ਸਹੀ ਤਰ੍ਹਾਂ ਸਕਰੀਨਿੰਗ (ਜਾਂਚ) ਨਾ ਕੀਤੀ ਗਈ ਹੋਵੇ, ਜਾਂ ਨਿੱਜੀ ਸਿਹਤ ਬਾਰੇ ਉਸਨੇ ਕੋਈ ਅਹਿਮ ਜਾਣਕਾਰੀ ਜ਼ਾਹਿਰ ਨਾ ਕੀਤੀ ਹੋਵੇ, ਜਾਂ ਹੋ ਸਕਦਾ ਹੈ ਇਸ ਬਾਰੇ ਉਸਨੂੰ ਆਪ ਵੀ ਪਤਾ ਨਾ ਹੋਵੇ। ਆਪਰੇਸ਼ਨ ਦੇ ਕਮਰੇ ਵਿਚ ਜਾਂ ਹਸਪਤਾਲ ਦੇ ਵਾਰਡ ਵਿਚ ਸਾਫ਼ ਸਫ਼ਾਈ ਅਤੇ ਹਾਈਜੀਨ ਦੀ ਪੱਧਰ ਆਮ ਮਿਆਰ ਤੋਂ ਨੀਵੀਂ ਹੋ ਸਕਦੀ ਹੈ। ਕਿਉਂਕਿ ਸਰੀਰ ਬਾਹਰਲੇ ਗੁਰਦੇ ਨੂੰ ਰੱਦ ਨਾ ਕਰੇ, ਇਸ ਲਈ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਗੁਰਦਾ ਪ੍ਰਾਪਤ ਕਰਨ ਵਾਲੇ ਦੇ ਇਮਿਊਨ ਸਿਸਟਮ (ਰੋਗਾਂ ਤੋਂ ਸੁਰੱਖਿਅਤ ਰੱਖਣ ਦਾ ਸਿਸਟਮ) ਨੂੰ ਕਮਜ਼ੋਰ ਕਰਦੀਆਂ ਹਨ , ਇਸ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਉਹ ਇਨਫੈਕਸ਼ਨਾਂ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ, ਜੋ ਉਹ ਆਪਣੇ ਦੇਸ਼ ਵਿਚ ਆਪਣੇ ਨਾਲ ਵਾਪਸ ਲੈ ਜਾਂਦੇ ਹਨ , ਅਤੇ ਆਪਣੇ ਪਰਿਵਾਰ ਅਤੇ ਹੋਰਨਾ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿਚ ਪਾਂਦੇ ਹਨ । ਅਜਿਹੀਆਂ ਇਨਫੈਕਸ਼ਨਾਂ ਉਪਲਬਧ ਐਂਟੀਬਾਇਓਟਿਕਸ ਅਤੇ ਹੋਰ ਥਰੈਪੀਆਂ ਦੇ ਅਸਰ ਦਾ ਸਖਤੀ ਨਾਲ ਮੁਕਾਬਲਾ ਕਰਦੀਆਂ ਹਨ ਅਤੇ ਕਈ ਵਾਰ ਜਾਨਲੇਵਾ ਸਾਬਤ ਹੁੰਦੀਆਂ ਹਨ । ਆਪਰੇਸ਼ਨ ਤੋਂ ਬਾਅਦ ਹਵਾਈ ਜਹਾਜ਼ ਰਾਹੀਂ ਛੇਤੀ ਸਫ਼ਰ ਕਰਨ ਦੀ ਸਲਾਹ ਵੀ ਠੀਕ ਨਹੀਂ ਅਤੇ ਇਸ ਦੇ ਨਤੀਜੇ ਵਜੋਂ ਕਈ ਹੋਰ ਗੁੰਝਲਾਂ ਅਤੇ ਉਲਝਣਾਂ ਪੈਦਾ ਹੋ ਸਕਦੀਆਂ ਹਨ ।

ਟੂਰਿਜ਼ਮ ਟਰਾਂਸਪਲਾਂਟਾਂ ਕਰ ਰਹੇ ਹਸਪਤਾਲਾਂ ਅਤੇ ਡਾਕਟਰਾਂ ਵੱਲੋਂ ਇਸ ਬਾਰੇ ਉਪਲਬਧ ਕੀਤੇ ਗਏ ਮੈਡੀਕਲ ਰਿਕਾਰਡ ਹਮੇਸ਼ਾ ਹੀ ਲਗਭਗ ਨਾਕਾਫੀ ਰਹੇ ਹਨ । ਹੋ ਸਕਦਾ ਹੈ ਕਿ ਗੁਰਦਾ ਲੈਣ ਵਾਲੇ ਮਰੀਜ਼ ਨੂੰ, ਟਰਾਂਸਪਲਾਂਟ ਦੇ ਬਾਅਦ ਦਿੱਤੀਆਂ ਜਾਣ ਵਾਲੀਆਂ ਜ਼ਰੂਰੀ ਦਵਾਈਆਂ ਜ਼ਰੂਰੀ ਮਾਤਰਾ ਜਾਂ ਡੋਜ਼ਾਂ ਵਿਚ ਨਾ ਦਿੱਤੀਆਂ ਜਾਂਦੀਆਂ ਹੋਣ। ਇਸ ਨਾਲ ਵਾਪਸ ਘਰ ਜਾਣ ਬਾਅਦ ਉਸ ਦੀ ਦੇਖਭਾਲ ਕਰਨੀ ਬਹੁਤ ਹੀ ਮੁਸ਼ਕਲ ਹੋ ਜਾਂਦੀ ਹੈ ਅਤੇ ਇਸ ਦੇ ਨਤੀਜਿਆਂ ਤੇ ਗੰਭੀਰ ਅਸਰ ਪੈਂਦਾ ਹੈ।

ਅਤੇ ਆਖ਼ਰ ਵਿਚ, ਹੋ ਸਕਦਾ ਹੈ ਸਭ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਲਈ , ਕਿ ਉਨ੍ਹਾਂ ਲਈ ਗੁਰਦੇ ਦਾ ਟਰਾਂਸਪਲਾਂਟ ਕਰਵਾਉਣਾ ਸੁਰੱਖਿਅਤ ਹੈ ਕਿ ਨਹੀਂ, ਗੁਰਦਾ ਲੈਣ ਵਾਲੇ ਕਈ ਵਿਅਕਤੀਆਂ ਨੇ ਸਹੀ ਤਰ੍ਹਾਂ ਸਕਰੀਨਿੰਗ ਨਾ ਕਰਵਾਈ ਹੋਵੇ। ਅਤੇ ਬਹੁਤ ਗੰਭੀਰ ਸਥਿਤੀਆਂ (ਜਿਵੇਂ ਕਿ ਦਿਲ ਦੀ ਬੀਮਾਰੀ, ਪੁਰਾਣੀਆਂ ਇਨਫੈਕਸ਼ਨਾਂ, ਅਤੇ ਕੈਂਸਰ) ਜਿਨ੍ਹਾਂ ਦੇ ਨਤੀਜੇ ਵਜੋਂ ਜਾਨ ਜਾ ਸਕਦੀ ਹੈ, ਦੀ ਅਵਹੇਲਣਾ ਕੀਤੀ ਗਈ ਹੋਵੇ।

### ਕੀ ਗੁਰਦੇ ਦਾ ਵਪਾਰਕ ਟਰਾਂਸਪਲਾਂਟ ਕਰਵਾਉਣਾ ਸਦਾਚਾਰਕ ਤੌਰ ' ਤੇ ਸਹੀ ਹੈ?

ਕੁਝ ਲੋਕ ਮੰਨਦੇ ਹਨ ਕਿ ਜੇ ਵਪਾਰਕ ਤੌਰ ' ਤੇ ਕੀਤੇ ਜਾਂਦੇ ਟਰਾਂਸਪਲਾਂਟ ਸਿਸਟਮ ਨੂੰ ਸਹੀ ਤੌਰ ' ਤੇ ਨੇਮਬੱਧ ਕੀਤਾ ਜਾਏ ਤਾਂ ਡੋਨਰ ਅਤੇ ਪ੍ਰਾਪਤਕਰਤਾ ਦੋਹਾਂ ਨੂੰ ਹੀ ਲਾਭ ਪੁੱਜ ਸਕਦਾ ਹੈ। ਪਰ ਅੱਜ ਤਕ ਦੇ ਅਨੁਭਵ ਤੇ ਇਹ ਪਤਾ ਲਗਦਾ ਹੈ ਕਿ ਸਥਿਤੀ ਅਜਿਹੀ ਨਹੀਂ। ਹਮੇਸ਼ਾ ਹੀ ਰੱਜੇ ਪੁੱਜੇ ਲੋਕਾਂ ਵੱਲੋਂ ਗਰੀਬਾਂ ਦਾ ਸ਼ੋਸ਼ਣ ਹੁੰਦਾ ਰਿਹਾ ਹੈ। ਕਿਸੇ ਤੇ ਦਬਾਅ ਪਾਣਾ, ਜਥੇਬੰਦੀ ਅਪਰਾਧ, ਅਤੇ ਮਨੁੱਖਾਂ ਦਾ ਗੈਰ-ਕਾਨੂੰਨੀ ਵਪਾਰ (ਜਿਸ ਤੇ ਅੰਤਰਰਾਸ਼ਟਰੀ ਕਨਵੈਨਸ਼ਨ ਵੱਲੋਂ ਪਾਬੰਦੀ ਲਾਈ ਗਈ ਹੈ) ਇਹ ਸਭ ਕੁਝ ਹੋ ਰਿਹਾ ਹੈ। ਵਪਾਰਕ ਤੌਰ ' ਤੇ ਟਰਾਂਸਪਲਾਂਟ ਨਾਲ ਡੋਨਰ ਅਤੇ ਅੰਗ ਪ੍ਰਾਪਤ ਕਰਨ ਵਾਲੇ ਦੋਹਾਂ ਦੀ ਸਿਹਤ ਖ਼ਤਰੇ ਵਿਚ ਪੈਂਦੀ ਹੈ ਅਤੇ ਇਸ ਅਮਲ ਨੂੰ ਮੈਡੀਕਲ ਜਾਂ ਇਖਲਾਕੀ ਤੌਰ ' ਤੇ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਗਰੀਬਾਂ ਦਾ ਮਾਲੀ ਤੌਰ ' ਤੇ ਜੀਉਂਦਿਆਂ ਰਹਿ ਸਕਣਗੇ, ਉਨ੍ਹਾਂ ਦੇ ਸਰੀਰ ਦੇ ਅੰਗਾਂ ਦੀ ਵਿਕਰੀ ਤੇ ਨਿਰਭਰ ਨਹੀਂ ਹੋਣਾ ਚਾਹੀਦਾ।

### ਟਰਾਂਸਪਲਾਂਟ ਕਮਰਸ਼ਿਅਲਿਜ਼ਮ (ਟਰਾਂਸਪਲਾਂਟ ਦਾ ਵਪਾਰ) ਨੂੰ ਰੋਕਣ ਲਈ ਕੀ ਕੀਤਾ ਜਾ ਰਿਹਾ ਹੈ?

ਉੱਘੀਆਂ ਮੈਡੀਕਲ ਸੰਸਥਾਵਾਂ ਅਤੇ ਸਿਹਤ ਦੀ ਸਾਂਭ ਸੰਭਾਲ ਕਰਨ ਵਾਲੇ ਮਾਹਰ ਇਸ ਅਮਲ ਵਿਰੁੱਧ ਕਾਰਵਾਈ ਕਰਨ ਲਈ ਇਕੱਠੇ ਹੋਏ ਹਨ । ਆਲਮੀ ਸਿਹਤ ਸੰਸਥਾ [World Health Organization (WHO)] ਟਰਾਂਸਪਲਾਂਟ ਕਮਰਸ਼ਿਅਲਿਜ਼ਮ ਦਾ ਸਖਤ ਵਿਰੋਧ ਕਰਦੀ ਹੈ।

ਕਈ ਦੇਸ਼ਾਂ ਨੇ ਵਪਾਰਕ ਟਰਾਂਸਪਲਾਂਟ ਨੂੰ ਰੋਕਣ ਲਈ ਟਰਾਂਸਪਲਾਂਟ ਟੂਰਿਜ਼ਮ ਵਿਚ ਲਗੇ ਹਸਪਤਾਲਾਂ ਨੂੰ ਬੰਦ ਕਰਕੇ ਅਤੇ ਦਲਾਲਾਂ ਨੂੰ ਗ੍ਰਿਫਤਾਰ ਕਰਕੇ ਕਈ ਕਦਮ ਚੁੱਕੇ ਹਨ । ਅਜਿਹੇ ਵੀ ਕੇਸ ਹੋਏ ਹਨ , ਜਿਥੇ ਡੋਨਰ ਦੇ ਨਾਲ ਪ੍ਰਾਪਤਕਰਤਾ ਨੂੰ ਵੀ ਆਪਰੇਸ਼ਨ ਦੇ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ।

### ਇਸਤੰਬੁੱਲ ਦਾ ਐਲਾਨਨਾਮਾ (The Declaration of Istanbul)

2008 ਵਿਚ ਦੁਨੀਆ ਭਰ ਦੇ ਮੈਡੀਕਲ ਮਾਹਰ ਦੇ ਇਕ ਗਰੁੱਪ ਨੇ ਮਨੁੱਖੀ ਅੰਗਾਂ ਦਾ ਗੈਰ-ਕਾਨੂੰਨੀ ਵਪਾਰ ਅਤੇ ਟਰਾਂਸਪਲਾਂਟ ਟੂਰਿਜ਼ਮ ਨੂੰ ਰੋਕਣ ਵਾਸਤੇ ਰਣਨੀਤੀਆਂ ਤਿਆਰ ਕਰਨ ਲਈ ਇਸਤੰਬੁੱਲ, ਤੁਰਕੀ ਵਿਖੇ ਇਕ ਮੀਟਿੰਗ ਕੀਤੀ।

ਗਰੁੱਪ ਨੂੰ ਟਰਾਂਸਪਲਾਂਟ ਦੀ ਜ਼ਰੂਰਤ ਵਾਲੇ ਬਹੁਤੇ ਬੀਮਾਰਾਂ ਦੀ ਬੇਚੈਨੀ ਅਤੇ ਲਾਚਾਰੀ ਦਾ ਪੂਰੀ ਤਰ੍ਹਾਂ ਅਹਿਸਾਸ ਹੈ। ਇਸ ਗਰੁੱਪ ਨੇ ਕਈ ਅਜਿਹੇ ਸਿਧਾਂਤ ਅਤੇ ਤਜਵੀਜ਼ਾਂ ਤਿਆਰ ਕੀਤੀਆਂ ਹਨ , ਜਿਸ ਨਾਲ ਮ੍ਰਿਤਕ ਅਤੇ ਜੀਉਂਦੇ ਦੋਹਾਂ ਤਰ੍ਹਾਂ ਦੇ ਡੋਨਰਾਂ ਵੱਲੋਂ ਦੁਨੀਆ ਭਰ ਵਿਚ ਟਰਾਂਸਪਲਾਂਟਾਂ ਨੂੰ ਅਜਿਹੇ ਢੰਗ ਨਾਲ ਉਤਸਾਹਿਤ ਕੀਤਾ ਜਾਏ, ਜਿਸ ਨਾਲ ਅੰਗ ਦੇਣ ਵਾਲੇ ਅਤੇ ਪ੍ਰਾਪਤਕਰਤਾ ਦੋਹਾਂ ਦੀ ਸਿਹਤ ਅਤੇ ਭਲਾਈ ਸੁਰੱਖਿਅਤ ਰਹਿ ਸਕੇ ਅਤੇ ਸ਼ੋਸ਼ਣ ਰੋਕਿਆ ਜਾ ਸਕੇ। ਗਰੁੱਪ ਨੇ ਜੋ ਨੀਤੀ ਤਿਆਰ ਕੀਤੀ ਉਸਨੂੰ **ਇਸਤੰਬੁੱਲ ਦਾ ਐਲਾਨਨਾਮਾ (The Declaration of Istanbul) ਕਿਹਾ ਜਾਂਦਾ ਹੈ।**

2010 ਵਿਚ, **ਇਸਤੰਬੁੱਲ ਕਸਟੋਡੀਅਨ ਗਰੁੱਪ ਦਾ ਐਲਾਨਨਾਮਾ [Declaration of Istanbul Custodian Group** (DICG)], ਐਲਾਨਨਾਮੇ ਦੇ ਸਿਧਾਂਤਾਂ ਨੂੰ ਅੰਤਰਰਾਸ਼ਟਰੀ ਖੇਤਰ ਵਿਚ ਉਤਸਾਹਿਤ ਕਰਨ ਲਈ ਕਾਇਮ ਕੀਤਾ ਗਿਆ ਸੀ। DICG ਨੂੰ ਦੋ ਮੁੱਖ ਅੰਤਰਰਾਸ਼ਟਰੀ ਪੇਸ਼ਾਵਰ ਸੰਸਥਾਵਾਂ ਸੰਚਾਲਨ ਕਰਦੀਆਂ ਹਨ **ਦੀ ਟਰਾਂਸਪਲਾਂਟੇਸ਼ਨ ਸੁਸਾਇਟੀ [The**

**Transplantation Society (TTS)] ਅਤੇਇੰਟਰਨੈਸ਼ਨਲ ਸੁਸਾਇਟੀ ਆਫ਼ ਨੈਫਰੋਲੋਜੀ [International Society of Nephrology (ISN)]**। 80 ਤੋਂ ਵੱਧ ਅੰਤਰਰਾਸ਼ਟਰੀ ਪੇਸ਼ਾਵਰ ਸੁਸਾਇਟੀਆਂ ਅਤੇ ਸਰਕਾਰੀ ਏਜੰਸੀਆਂ ਪਹਿਲਾਂ ਹੀ ਇਸਤੰਬੁੱਲ ਦੇ ਐਲਾਨਨਾਮੇ ਦੀ ਪੁਸ਼ਟੀ ਕਰ ਚੁੱਕੀਆਂ ਹਨ ।

ਇਸਤੰਬੁੱਲ ਦੇ ਐਲਾਨਨਾਮੇ ਬਾਰੇ ਹੋਰ ਵੱਧ ਜਾਣਕਾਰੀ www.declarationofistanbul.org ' ਤੇ ਵੇਖੀ ਜਾ ਸਕਦੀ ਹੈ।